ੴ ਸਤਿਗੁਰ ਪ੍ਰਸਾਦਿ ॥

# ਖਾਲਸੇ ਦੇ ਬੋੱਲੇ : (ਸਕੇਤਿਕ ਭਾਸ਼ਾ)

## ਮੁੱਖ ਟੀਚਾ

## ਅਜੋਕੇ ਯੁਗ ਵਿੱਚ ਯੂਵਾ ਪਿੜੀ ਲਈ ਘਲੂਘਾਰੇ ਦੇ ਸਮੇਂ ਦਾ ਗਿਆਨ


ਲੇਖਕ: ਜਸਬੀਰ ਸਿੰਘ

Ph. : (0172-2696891), 09988160484



ਪ੍ਰਕਾਸ਼ਕ

ਕ੍ਾਂਤਿਕਾਰੀ ਜਗਤ ਗੁਰੂ ਨਾਨਕ ਦੇਰ ਚੈਰਿਟੇਬਲ ਟਰਸਟ, ਚੰਡੀਗੜ੍ਹ

Type Setting : Radheshyam Choudhary

Mob. 98149-66882



Download Free

# ਖ਼ਾਲਸੇ ਦੇ ਬੋੱਲੇ : (ਸਕੇਤਿਕ ਭਾਸ਼ਾ)

| | | | |
|---|---|---|---|
| 1. | ਉਗਰਾਹੀ | = | ਭਿਖਯਾ, ਗਜਾ ਕਰਨਾ |
| 2. | ਉਜਾਗਰ | = | ਦੀਵਾ, ਚਰਾਗ |
| 3. | ਉਜਾਗਰੀ | = | ਲਾਲਟੈਣ |
| 4. | ਅਕਲਦਾਨ | = | ਮੋਟਾ, ਡੰਡਾ |
| 5. | ਅਕਾਸਪਰੀ | = | ਬਕਰੀ |
| 6. | ਅਕਾਸੀ ਦੀਵਾ | = | ਸੂਰਜ ਅਤੇ ਚੰਦ੍ਰਮਾ |
| 7. | ਅਕਾਸੀ ਫ਼ੌਜ | = | ਸ਼ਹੀਦੀ ਫ਼ੌਜ, ਅਜਗੈਬੀ ਸੈਨਾ |
| 8. | ਅਕਾਲ ਬਾਂਗਾ | = | ਸਤਿ ਸ੍ਰੀ ਅਕਾਲ ਦਾ ਜੈਕਾਰਾ |
| 9. | ਅਥੱਕ ਸਵਾਰੀ | = | ਜੁੱਤੀ, ਜੋੜਾ |
| 10. | ਅਰਦਾਸਾ | = | ਪ੍ਰਾਰਥਨਾ, ਵਿਨਯ |
| 11. | ਅੰੜਗ ਬੜੰਗ ਹੋਣਾ | = | ਲੇਟਣਾ, ਸੌਂ ਜਾਣਾ |
| 12. | ਆਹੂਲਾਹੁਣੇ | = | ਕਤਲਾਮ ਕਰਨੀ, ਵੱਢ ਟੁੱਕ |
| 13. | ਆਕੜਭੰਨ | = | ਰੋਗ, ਬੀਮਾਰੀ |
| 14. | ਆਕੀ ਹੋਣਾ | = | ਹਵਾਲਾਤ ਵਿੱਚ ਪੈਣਾ, ਜੇਲ ਵਿੱਚ ਹੋਣਾ |
| 15. | ਆਨੰਦ | = | ਪੂਰਣ ਤ੍ਰਿਪਤ, ਸਿੱਖਧਰਮ ਅਨੁਸਾਰ ਵਿਆਹ |
| 16. | ਅੰਗੀਠਾ | = | ਚਿਤਾ, ਚਿਖਾ |
| 17. | ਅੰਨਮਤੀਆ | = | ਸਿੱਖਧਰਮ ਤੋਂ ਭਿੰਨ ਹੋਰ ਧਰਮ ਧਾਰਨ ਵਾਲਾ |
| 18. | ਅੰਨ੍ਹਾਂ | = | ਮੂਰਤੀਪੂਜਕ ਹਿੰਦੂ |

| | | | |
|---|---|---|---|
| 19. | ਅੰਮ੍ਰਿਤਵੇਲਾ | = | ਪ੍ਰਾਤਹਕਾਲ, ਤੜਕਾ |
| 20. | ਅੰਮ੍ਰਿਤੀਆ | = | ਜਿਸ ਨੇ ਖੰਡੇ ਦਾ ਅਮ੍ਰਿਤ ਛਕਿਆ ਹੈ |
| 21. | ਇੱਕਟੰਗੀ ਬਟੇਰਾ | = | ਬੈਂਗਣ, ਬਤਾਊਂ |
| 22. | ਇੰਦ੍ਰ | = | ਮੇਘ, ਬੱਦਲ |
| 23. | ਇੰਦ੍ਰਾਣੀ | = | ਹਵਾ, ਪੌਣ, ਵਾਯੂ |
| 24. | ਸੱਚਖੰਡ | = | ਗੁਰਪੁਰੀ, ਸਾਧ-ਸੰਗਤ |
| 25. | ਸੱਚਾ ਪਾਤਸ਼ਾਹ | = | ਸਤਿਗੁਰੂ |
| 26. | ਸਜਣਾ | = | ਤਿਆਰ ਹੋਣਾ |
| 27. | ਸਦਾਗੁਲਾਬ | = | ਕਿੱਕਰ, ਬਬੂਲ |
| 28. | ਸਬਜ ਪੁਲਾਉ | = | ਸਾਰਾ |
| 29. | ਸਮੁੰਦਰ | = | ਦੁੱਧ |
| 30. | ਸਰਬਰਸ | = | ਲੂਣ, ਨਮਕ, ਇਸ ਦਾ ਨਾਮ ਰਾਮਰਸ ਭੀ ਹੈ |
| 31. | ਸਲੋਤਰ | = | ਮੋਟਾ ਕੁਤਕਾ, ਮਧਰਾ ਅਤੇ ਮੋਟਾ ਡੰਡਾ। |
| 32. | ਸਵਾਇਆ | = | ਥੋੜਾ, ਕਮ, ਘੱਟ |
| 33. | ਸਵਾ ਲੱਖ ਦਮੜਾ | = | ਇੱਕ ਰੁਪਆ |
| 34. | ਸਾਉਗੀ | = | ਹਰਾ ਛੋਲੂਆ |
| 35. | ਸਾਕਤ | = | ਸਤਿਗੁਰੂ ਤੋਂ ਵਿਮੁਖ, ਮਾਇਆ ਦਾ ਦਾਸ |
| 36. | ਸਾਵੀ | = | ਮੂੰਗੀ |
| 37. | ਸ਼ਿਕਾਰੀ | = | ਵਿਭਚਾਰੀ, ਪਰਇਸਤ੍ਰਗਾਮੀ |
| 38. | ਸਿੰਘਣੀ | = | ਸਿੰਘਮਤ ਦੀ ਨਾਰੀ |

| | | | |
|---|---|---|---|
| 39. | ਸਿਰਗੰਮ | = | ਜਿਸ ਨੇ ਅਮ੍ਰਿਤ ਛਕਕੇ ਕੇਸ ਮੁਨਾਏ ਹਨ |
| 40. | ਸਿਰਘਸਾ | = | ਮੋਨਾ, ਮੁੰਡਿਤ |
| 41. | ਸਿਰਜੋੜ | = | ਗੁੜ |
| 42. | ਸ਼ੀਸ਼ਮਹਲ | = | ਟੁੱਟੀਹੋਈ ਛੰਨ |
| 43. | ਸੁੱਖਾ | = | ਭੰਗ |
| 44. | ਸੁੰਦਰੀ | = | ਝਾੜੂ, ਬੁਹਾਰੀ |
| 45. | ਸੁਰਗ | = | ਮੁਸੀਬਤ, ਵਿਪਦਾ |
| 46. | ਸੁਰਮਈ | = | ਸੁਰਮੇਰੰਗ, ਨੀਲਾ, ਕਾਲਾ |
| 47. | ਸੂਬੇਦਾਰ | = | ਝਾੜੂਦੇਣ ਵਾਲਾ ਸਿੱਖ |
| 48. | ਸੂਰਮਾ | = | ਅੰਧਾ, ਨੇਤ੍ਰਹੀਨ |
| 49. | ਸੋਧ | = | ਸ਼ੁੱਧੀ, ਪਵਿਤ੍ਰਤਾ |
| 50. | ਸੰਤੋਖਣਾ | = | ਸ਼੍ਰੀ ਗੁਰੂਗ੍ਰੰਥਸਾਹਿਬ ਜੀ ਨੂੰ ਰੁਮਾਲਾਂ ਵਿੱਚ ਲਪੇਟਨਾ |
| 51. | ਸ਼੍ਰੀ ਸਾਹਿਬ | = | ਤਲਵਾਰ, ਕ੍ਰਿਪਾਣ |
| 52. | ਹਜੂਰ ਸਾਹਿਬ | = | ਤਖਤ ਸ੍ਰੀ ਅਬਿਚਲਨਗਰ |
| 53. | ਹਜੂਰੀ ਪਰਨਾ | = | ਹੱਥ ਮੂੰਹ ਸਾਫ ਕਰਨ ਦਾ ਤੌਲੀਆ |
| 54. | ਹਰਨ ਹੋਣਾ | = | ਭੱਜਣਾ, ਨੱਠਣਾ |
| 55. | ਹਰਾ ਕਰਨਾ | = | ਸੁਕਾਉਣਾ, ਖੁਸ਼ਕ ਕਰਨਾ |
| 56. | ਹੱਲਾ ਖੇਡਣਾ | = | ਜੰਗ ਕਰਨਾ |
| 57. | ਕੱਚਾ ਪਿੱਲਾ | = | ਰਹਿਤ ਮਰਯਾਦਾ ਵਿੱਚ ਢਿੱਲਾ |
| 58. | ਕੱਚੀ ਬਾਣੀ | = | ਗੁਰਬਾਣੀ ਤੋਂ ਭਿੰਨ ਹੋਰ ਬਾਣੀ। |

| | | | |
|---|---|---|---|
| 59. | ਕੱਟਾ | = | ਹਾਥੀ |
| 60. | ਕੜਾਕਾ | = | ਭੁੱਖ, ਨਿਰਾਹਾਰ ਰਹਿਣਾ। |
| 61. | ਕਾਣਾ | = | ਤੁਰਕ, ਮੁਸਲਮਾਨ |
| 62. | ਕਾਰਭੇਟ | = | ਸਤਿਗੁਰੂ ਨਿਮਿੱਤ ਬੰਧਾਨ ਦੀ ਪੂਜਾ |
| 63. | ਕੁੱਠਾ | = | ਮੁਸਲਮਾਨ ਰੀਤਿ ਨਾਲ ਜਿਬਹਿ ਕੀਤੇ ਜੀਵ ਦਾ ਮਾਸ |
| 64. | ਕੁਤਬਦੀਨ | = | ਕੂਕਰ ਕੁੱਤਾ |
| 65. | ਕੁਰਹਿਤ | = | ਖਾਲਸਾ ਧਰਮ, ਵਿਰੁੱਧ ਆਚਾਰ |
| 66. | ਕੁੜੀਮਾਰ | = | ਕੰਨਯਾ ਮਾਰਨ ਵਾਲਾ, ਕੰਨਯਾ ਵੇਚਣਵਾਲਾ |
| 67. | ਕੋਤਵਾਲਾ | = | ਚਾਕੂ, ਕਲਮਤਰਾਸ਼ |
| 68. | ਕ੍ਰਿਪਾਣ | = | ਤਲਵਾਰ |
| 69. | ਖੱਸੀ ਫੌਜ | = | ਇਸਤ੍ਰੀਆਂ ਦਾ ਟੋਲਾ |
| 70. | ਖਾਰ ਸਮੁੰਦਰ | = | ਲੱਸੀ, ਤਕ੍ਰ, ਛਾਛ |
| 71. | ਖਾਲਸਾ | = | ਅਮ੍ਰਿਤਧਾਰੀ ਸਿੰਘ |
| 72. | ਖੁਸ਼ਕ | = | ਪੁਲਾਉ, ਚਬੀਣਾ, ਭੁੰਨੇ ਦਾਣੇ |
| 73. | ਖੁਰਮਾ | = | ਬੇਰ |
| 74. | ਖੋਤੀ | = | ਚਿਲਮ |
| 75. | ਗੱਜਣਾ | = | ਉੱਚੇ ਸੁਰ ਨਾਲ ਗਰਜਨਾ, ਸਿੰਘਨਾਦ ਕਰਨਾ |
| 76. | ਗਧੀ ਚੁੰਘਣੀ | = | ਹੁੱਕਾ ਪੀਣਾ |
| 77. | ਗੱਫਾ ਲਾਉਣਾ | = | ਤ੍ਰਿਪਤ ਹੋਕੇ ਉੱਤਮ ਭੋਜਨ ਛਕਣਾ |
| 78. | ਗੜ੍ਹ ਲਾਉਣਾ | = | ਤ੍ਰਿਪਤ ਹੋਕੇ ਉੱਤਮ ਭੋਜਨ ਛਕਣਾ |

| | | | |
|---|---|---|---|
| 79. | ਗਿੱਦੜ ਕਾਇਰ | = | ਭਗੌੜਾ |
| 80. | ਗਿੱਦੜਰੰਗਾ | = | ਭਗਵੇਂ ਵਸਤ੍ਰ, ਪਾਉਣ ਵਾਲਾ |
| 81. | ਗੁੱਦੜ | = | ਦੁੱਧ ਦੀ ਮਲਾਈ |
| 82. | ਗੁਪਤਾ | = | ਗੁੰਗਾ |
| 83. | ਗੁਰਮੁਖ | = | ਗੁਰੂਸਾਹਿਬ ਦੀ ਆਰਯਾ ਮੰਨਣ ਵਾਲਾ ਰਹਿਤਵਾਨ |
| 84. | ਗੁਰਮੁਖੀ | = | ਗੁਰੂਸਾਹਿਬ ਦੀ ਰਚੀਹੋਈ ਲਿਖਤ |
| 85. | ਗੈਬੀ ਫੌਜਾਂ | = | ਸ਼ਹੀਦਾਂ ਦੀਆਂ ਗੁਪਤ ਫੌਜਾਂ |
| 86. | ਘੱਲੂਘਾਰਾ | = | ਭਯੰਕਰ ਯੁਧ |
| 87. | ਘਾਲਾਮਾਲਾ | = | ਬਿਨਾ ਨਿਰਣਾ ਕੀਤੇ ਗੱਲ ਨੂੰ ਟਾਲਣਾ |
| 88. | ਘੋੜਾ ਦੌੜਾਉਣਾ | = | ਮੈਥੁਨ (ਭੋਗ) ਕਰਨਾ |
| 89. | ਚਰਨਦਾਸੀ | = | ਜੁੱਤੀ |
| 90. | ਚਲਾਣਾ | = | ਮਰਣਾ, ਪ੍ਰਾਣ ਤਿਆਗਣੇ |
| 91. | ਚੜ੍ਹਦੀ ਕਲਾ | = | ਉਤਸਾਹ, ਉਮੰਗ |
| 92. | ਚੜ੍ਹਾਈ | = | ਕੂਚ, ਪ੍ਰਸਥਾਨ |
| 93. | ਚੁਟਕਾ ਪ੍ਰਸਾਦ | = | ਲੂਣ ਅਤੇ ਪੀਸੀਆਂ ਹੋਈਆਂ ਮਿਰਚਾਂ |
| 94. | ਚੂਨਾ | = | ਆਟਾ |
| 95. | ਚੌਕੀ | = | ਚਾਰ ਰਾਗੀਆਂ ਦੀ ਟੋਲੀ |
| 96. | ਚੌਬਾਰੇ ਚੜ੍ਹਿਆ | = | ਬੋਲਾ, ਬਹਿਰਾ |
| 97. | ਚੰਡੀ | = | ਅਗਨਿ |
| 98. | ਛਿੱਲੜ | = | ਰੁਪੈਯਾ |

| | | | |
|---|---|---|---|
| 90. | ਜਹਾਜ ਚੜ੍ਹਨਾ | = | ਅੰਮ੍ਰਿਤ ਛਕਕੇ ਖਾਲਸਾ ਕੌਮ ਵਿੱਚ ਮਿਲਨਾ |
| 91. | ਜੱਕਾ | = | ਦਹੀ, ਦਧਿ |
| 92. | ਜਗਤਜੂਠ | = | ਹੁੱਕਾ |
| 93. | ਜਲਤੋਰੀ | = | ਮੱਛੀ |
| 94. | ਜੋਤੀਜੋਤਿ ਸਮਾਉਣਾ | = | ਸਤਿਗੁਰਾਂ ਦਾ ਦੇਹ ਤ |
| 95. | ਜੋੜਮੇਲ | = | ਸਿੰਘਾਂ ਦਾ ਇਕੱਠ |
| 96. | ਜੰਗਲ ਜਾਣਾ | = | ਸੁਚੇਤੇ (ਸ਼ੌਚ) ਜਾਣਾ |
| 97. | ਟਾਂਗੂ | = | ਬਿਰਛ ਉੱਪਰ ਬੈਠਾ ਆਦਮੀ |
| 98. | ਠਾਣਾ | = | ਆਸ਼੍ਰਮ, ਪਤਾਲੂ |
| 99. | ਠੀਕਰ | = | ਦੇਹ, ਸ਼ਰੀਰ |
| 100. | ਠੀਕਰੀ | = | ਰੁਪੈਯਾ |
| 101. | ਡਾਇਣ | = | ਮਾਯਾ |
| 102. | ਢਾਈ ਲੱਖ | = | ਦੋ ਸਿੰਘ |
| 103. | ਤੱਤਖਾਲਸਾ | = | ਦਸ਼ਮੇਸ਼ ਦੀ ਰਹਿਤ ਅਨੁਸਾਰ ਚੱਲਣ ਵਾਲਾ ਰਹਿਤਵਾਨ ਸਿੰਘ |
| 104. | ਤਨਖਾਹ | = | ਧਰਮਦੰਡ |
| 105. | ਤਨਖਾਹੀਆ | = | ਕੁਰਹਿਤੀਆ, ਜਿਸ ਨੇ ਧਰਮ ਵਿਰੁੱਧ ਕਰਮ ਕੀਤਾ ਹੈ। |
| 106. | ਤਿਆਰ ਬਰ ਤਿਆਰ | = | ਸੱਨਧ ਬੱਧ |
| 107. | ਤੁਰਕਣੀ | = | ਮੁਸਲਮਾਨੀ |
| 108. | ਤੋੜਾ ਝਾੜਨਾ | = | ਬੰਦੂਕ ਚਲਾਉਣੀ |

| | | | |
|---|---|---|---|
| 109. | ਥਾਣੇਦਾਰ | = | ਗਧਾ, ਖੋਤਾ |
| 110. | ਦਸਤਾਰਾ | = | ਪੱਗ |
| 111. | ਧਨੰਤਰ | = | ਨਿੰਮ |
| 112. | ਧਰਮਰਾਜ ਦੀ ਧੀ | = | ਨੀਂਦ |
| 113. | ਧਰਮਰਾਜ ਦੀ ਪੁੜ | = | ਤਾਪ |
| 114. | ਨੜੀਮਾਰ | = | ਹੁੱਕਾ ਪੀਣ ਵਾਲਾ |
| 115. | ਨਿਸ਼ਾਨ ਸਾਹਿਬ | = | ਝੰਡਾ, ਧੂਜਾ |
| 116. | ਨਿਹਕਲੰਕ | = | ਘੜਾ, ਕੁੰਭ |
| 117. | ਨਿਹੰਗ ਸਿੰਘ | = | ਉੱਚੇ ਦੁਮਾਲੇ ਅਤੇ ਨੀਲੇ ਬਾਣੇ ਵਾਲਾ ਸਿੰਘ |
| 118. | ਪਰਸਰਾਮ | = | ਕੁਹਾੜਾ |
| 119. | ਪਰਸਾਦਾ | = | ਰੋਟੀ |
| 120. | ਪੰਜਇਸਨਾਨਾ | = | ਹੱਥ ਪੈਰ ਮੂੰਹ ਧੋਣਾ |
| 121. | ਪੰਜਕਕਾਰੀ | = | ਜਿਸ ਨੇ ਕੇਸ ਕ੍ਰਿਪਾਨ ਕੱਛ ਕੰਘਾ ਕੜਾ ਧਾਰਨ ਕੀਤਾ ਹੈ |
| 122. | ਪੰਜ ਮੇਲ | = | ਮੀਣੇ, ਮਸੰਦ, ਧੀਰਮੱਲੀਏ |
| 123. | ਪੰਥ | = | ਖਾਲਸਾ ਕੋਮ |
| 124. | ਪੰਮਾ | = | ਬ੍ਰਾਹਮਣ |
| 125. | ਪ੍ਰਕਾਸਾ ਸਿੰਘ | = | ਦਿਨ |
| 126. | ਫਿਰਨੀ | = | ਚੱਕੀ |
| 127. | ਬਸੰਤਕੌਰ | = | ਮੋਕੀ |
| 128. | ਬਦਾਮ | = | ਚਣਾ, ਛੋਲਾ |

| | | | |
|---|---|---|---|
| 129. | ਬਾਮਣੀ | = | ਖੀਰ, ਤਸਮਈ |
| 130. | ਬਿਬੇਕੀ | = | ਵਿਚਾਰਵਾਨ ਸਿੰਘ |
| 131. | ਭਗੌਤੀ | = | ਖੜਗ, ਕ੍ਰਿਪਾਣ, ਤਲਵਾਰ |
| 132. | ਭਾਜਾ | = | ਤਰਕਾਰੀ, ਭਾਜੀ |
| 133. | ਭਾਣਾ | = | ਅਕਾਲ ਦਾ ਹੁਕਮ, ਕਰਤਾਰ ਦੀ ਰਜ਼ਾ |
| 134. | ਭੂਤਨੀ | = | ਅੰਧੇਰੀ, ਝੱਖੜ |
| 135. | ਮਸੰਦ | = | ਸਿੱਖਾਂ ਤੋਂ ਆਪਣੇ ਲਈ ਧਨ ਉਗਰਾਹੁਣ ਵਾਲਾ। |
| 136. | ਮਨਮਤ | = | ਗੁਰਮਤ ਵਿਰੁੱਧ ਮਨਭਾਉਂਦਾ ਕੀਤਾ ਕਰਮ |
| 137. | ਮਨਮੁਖ | = | ਗੁਰੂ ਦੀ ਆਗਯਾ ਤੋਂ ਵਿਰੁੱਧ ਮਨਮਰਜੀ ਕਰਨ ਵਾਲਾ। |
| 138. | ਮਲਿਕਾ | = | ਬਿੱਲੀ |
| 139. | ਮਾਰੂਗਾਉਣਾ | = | ਰੋਣਾ, ਪਿੱਟਣਾ, ਦੁੱਖ ਦੀ ਪੁਕਾਰ। |
| 140. | ਮੁਸ਼ਕਾਂ ਕਸਣੀਆਂ | = | ਦਾੜ੍ਹੇ ਨੂੰ ਬੰਨਣਾ |
| 141. | ਮੁਖਮਾਂਜਣਾ | = | ਦਾਤਣ |
| 142. | ਮੇਵੜਾ | = | ਅਰਦਾਸੀਆ |
| 143. | ਮੋਰਚਾ ਲਾਉਣਾ | = | ਕਿਸੇ ਕੰਮ ਦੇ ਕਾਰਨ ਦਾ ਅਰੰਭ ਕਰਨਾ। |
| 144. | ਰਹਤਨਾਮਾ | = | ਸਿੱਖਧਰਮ ਦੇ ਨਿਯਮ ਦੱਸਣ ਵਾਲਾ ਗ੍ਰੰਥ। |
| 145. | ਰਾਮਜੰਗਾ | = | ਬੰਦੂਕ |
| 146. | ਰਾਮਬਾਗ | = | ਸੰਸਾਰ ਵਿਸ਼ |
| 147. | ਰਾਮਰਸ | = | ਲੂਣ |
| 148. | ਰੁੱਪਾ | = | ਗਠਾ, ਪਿਆਜ਼ |

| | | | |
|---|---|---|---|
| 149. | ਰੇਸ਼ਮ | = | ਸਣ, ਸਨਕੁਕੜਾ |
| 150. | ਲਖਨੇੜ੍ਹਾ | = | ਕਾਣਾ |
| 151. | ਲਖਬਾਹਾਂ | = | ਇੱਕ ਬਾਂਹ ਵਾਲਾ, ਟੁੰਡਾ |
| 152. | ਅਵੇਗਾ | = | ਖੋਦਾ, ਜਿਸ ਦੇ ਦਾੜ੍ਹੀ ਨਹੀਂ |
| 153. | ਲਾਚੀਦਾਣਾ | = | ਬਾਜਰਾ |
| 154. | ਲੇਖੇ ਲਾਉਣਾ | = | ਵਰਤ ਲੈਣਾ |
| 155. | ਲੰਗਰ ਮਸਤ | = | ਲੰਗਰ ਦਾ ਤਿਆਰ ਨਾ ਹੋਣਾ। |
| 156. | ਲੰਡੀ ਬੁੱਚੀ | = | ਸ਼ਰਾਰਤੀ ਲੋਕ |
| 157. | ਵਹੀਰ | = | ਖਾਲਸੇ ਦਾ ਵਿਚਰਣ ਵਾਲਾ ਜਥਾ |

**ਨੋਟ- ਇਹ ਸ਼ਬਦਾਵਾਲੀ ਮਹਾਨ ਕੋਸ਼ ਤੋਂ ਲਇਆਂ ਗਈਆਂ ਹਨ।**


## ਲੇਖਕ: ਜਸਬੀਰ ਸਿੰਘ

**Ph. : (0172-2696891), 09988160484**



**Type Setting**

**Radheshyam Choudhary**

**Mob. 98149-66882**

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
or
# www.sikhhistory.in

E-mail : info@sikhworld.info
&
jasbirsikhworldinfo@gmail.com

ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜੋ ਜੀ।

## ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਇਸ ਵਿਚ ਹੈ ਇਸ ਵਿਸਾਲ ਸਿੱਖ ਸੰਗ੍ਰਹਾਲਯ (Museum)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਮਬੰਦਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਰਸਾਂਆਉਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁਟਨੋਟ) ਜੋਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਿਦਿਆਂ ਹਨ।

**ਨੋਟ :-** ਇਹ ਕਮ ਬੱਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਕਿ ਉਹ ਸਹਿਜੇ ਹੀ ਅਪਣਾ ਇਤਿਹਾਸ ਜਾਣ ਸਕਣ। ਮੈਂਨੂੰ ਉਮਿਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧਿ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧਿ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।

ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨ੍ਹੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਾਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪੜਿਆਂ ਪੜ੍ਹ ਸਕੋਗੇ।

ਕ੍ਰਿਪਾ ਕਰਕੇ ਆਪ ਜੀ ਸਿੱਖ ਮਿਅਉਜਿਯਮ ਤੇ ਜ਼ਰੂਰੀ ਕਿਲੀਕ ਕਰੋਜੀ।

1. ਜੇਕਰ ਕੋਈ ਇਸ ਨੂੰ ਦੁਬਾਰਾ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बटवा सकता है।